COVID-19

# ਭਾਈਚਾਰੇ ਲਈ ਸੰਕਟਕਾਲੀਨ ਸਹਾਇਤਾ ਫ਼ੰਡ

# ਤਤਕਾਲ ਤੱਥ

**ਭਾਈਚਾਰੇ ਲਈ ਸੰਕਟਕਾਲੀਨ ਸਹਾਇਤਾ ਫ਼ੰਡ COVID-19 ਨਾਲ ਪ੍ਰਭਾਵਿਤ ਸਥਾਨਕ ਕਮਜ਼ੋਰ ਅਬਾਦੀ ਨੂੰ ਮਦਦ ਦੇਣ ਵਾਲੇ ਭਾਈਚਾਰਕ ਪੱਧਰ ਦੇ ਪ੍ਰੋਜੈਕਟਾਂ ਨੂੰ ਡਿਲਿਵਰ ਕਰਨ ਵਾਲੀਆਂ ਰਜਿਸਟਰਡ ਚੈਰਿਟੀਆਂ ਅਤੇ ਯੋਗ ਦਾਨ-ਪਾਤਰਾਂ ਦੀ ਸਹਾਇਤਾ ਕਰੇਗਾ।**

ਕੈਨੇਡਾ ਸਰਕਾਰ ਵੱਲੋਂ ਫ਼ੰਡ ਪ੍ਰਾਪਤ, ਇਸਨੂੰ ਕਮਿਊਨੀਟੀ ਫ਼ਾਊਂਡੇਸ਼ਨ ਆਫ਼ ਕੈਨੇਡਾ, ਕੈਨੇਡੀਅਨ ਰੈੱਡ ਕ੍ਰਾਸ ਅਤੇ ਯੂਨਾਇਟੇਡ ਵੇ ਸੈਂਟਰੇਡ ਕੈਨੇਡਾ ਵੱਲੋਂ ਡਿਲਿਵਰ ਕੀਤਾ ਜਾ ਰਿਹਾ ਹੈ।

## ਅਰਜ਼ੀ ਕਿਵੇਂ ਦੇਣੀ ਹੈ

ਸਥਾਨਕ ਭਾਈਚਾਰਕ ਫ਼ਾਊਂਡੇਸ਼ਨਾਂ ਰਾਹੀਂ 5 ਤੋਂ 30 ਅਕਤੂਬਰ ਦੌਰਾਨ ਸਵੀਕਾਰ ਹੋਈਆਂ ਅਰਜ਼ੀਆਂ। ਕਿਰਪਾ ਕਰਕੇ cfc-fcc.smapply.ca/prog/ECSF/ 'ਤੇ ਦਿੱਤੇ ਅਰਜ਼ੀ ਪੋਰਟਲ ਜਾਂ ਆਪਣੀ ਸਥਾਨਕ ਭਾਈਚਾਰਕ ਫ਼ਾਊਂਡੇਸ਼ਨ 'ਤੇ ਜਾਓ।

ਪੋਰਟਲ ਨੂੰ ਵਰਤਣ ਸੰਬੰਧੀ ਮਦਦ ਲਈ ਸਾਡੀ ਸਹਾਇਤਾ ਵੀਡੀਓ ਦੇਖੋ (ਜੋ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਹੈ)

https://www.youtube.com/watch?v=kHwNF4Mw0Uk&t=21s

## ਕਮਿਊਨੀਟੀ ਫ਼ਾਊਂਡੇਸ਼ਨ ਆਫ਼ ਕੈਨੇਡਾ ਰਾਹੀਂ ਕੌਣ ਅਰਜ਼ੀ ਦੇ ਸਕਦਾ ਹੈ?

ਇਹ ਫ਼ੰਡ COVID-19 ਨਾਲ ਪ੍ਰਭਾਵਿਤ ਸਥਾਨਕ ਕਮਜ਼ੋਰ ਅਬਾਦੀ ਨੂੰ ਮਦਦ ਦੇਣ ਵਾਲੇ ਭਾਈਚਾਰਕ ਪੱਧਰ 'ਤੇ ਚੱਲ ਰਹੇ ਪ੍ਰੋਜੈਕਟਾਂ ਦੇ ਯੋਗ ਦਾਨ-ਪਾਤਰਾਂ ਦੀ ਸਹਾਇਤਾ ਕਰਦਾ ਹੈ।

### ਯੋਗ ਦਾਨ-ਪਾਤਰਾਂ ਵਿੱਚ ਸ਼ਾਮਲ ਹਨ:

- ਰਜਿਸਟਰਡ ਚੈਰਿਟੀਆਂ;
- ਰਜਿਸਟਰਡ ਕੈਨੇਡੀਅਨ ਗ਼ੈਰ-ਪੇਸ਼ਾਵਰ ਐਥਲੈਟਿਕ ਐਸੋਸੀਏਸ਼ਨ;
- ਰਜਿਸਟਰਡ ਕੈਨੇਡੀਅਨ ਨਗਰਪਾਲਿਕਾ;
- ਕੈਨੇਡਾ ਵਿੱਚ ਸਰਕਾਰੀ ਕੰਮ ਕਰਨ ਵਾਲੀ ਰਜਿਸਟਰਡ ਸ਼ਹਿਰੀ ਜਾਂ ਲੋਕ ਸੰਸਥਾਵਾਂ।

### COVID-19 ਦੌਰਾਨ ਕੁਝ ਕਮਜ਼ੋਰ ਗਰੁੱਪਾਂ ਵਿੱਚ ਸ਼ਾਮਲ ਹਨ:

- ਚੀਨੀ ਭਾਈਚਾਰਾ;
- ਦੱਖਣ ਏਸ਼ੀਆਈ ਭਾਈਚਾਰਾ;
- ਔਰਤਾਂ ਅਤੇ ਕੁੜੀਆਂ;
- ਸਰਕਾਰੀ ਭਾਸ਼ਾਵਾਂ ਵਿੱਚ ਘੱਟ ਗਿਣਤੀ;
- ਅਪਾਹਜ ਲੋਕ।

*ਕੈਨੇਡੀਅਨ ਰੈੱਡ ਕ੍ਰਾਸ ਰਾਹੀਂ ਗ਼ੈਰ-ਲਾਭਕਾਰੀ ਸੰਸਥਾਵਾਂ ਅਰਜ਼ੀ ਦੇ ਸਕਦੀਆਂ ਹਨ।

FAQ, ਵੈਬੀਨਾਰ ਆਦਿ ਸਮੇਤ ਹੋਰ ਜਾਣਕਾਰੀ ਲਈ, ਸਾਡੀ ਵੈੱਬਸਾਈਟ 'ਤੇ ਜਾ ਕੇ ਸਾਡੀ ਆਵੇਦਕ ਗਾਈਡ ਦੇਖੋ (ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਉਪਲਬਧ)।

communityfoundations.ca/ecsf
communityfoundations.ca/ecsf/applicantguide

ਕੀ ਆਪਣੀ ਅਰਜ਼ੀ ਸ਼ੁਰੂ ਕਰਨ ਲਈ ਤਿਆਰ ਹੋ? ਆਨਲਾਈਨ ਅਰਜ਼ੀ ਪੋਰਟਲ 'ਤੇ ਜਾਓ cfc-fcc.smapply.ca/prog/ECSF/

### ਸਵਾਲ?

covid19@communityfoundations.ca
613-236-2664